# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐ.ਸਿ)
ਸਮੂਹ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲ ਮੁਖੀ (ਵੈੱਬਸਾਇਟ ਰਾਹੀਂ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)ਐਸ.ਐਸ.ਏ/2011/6800
ਮਿਤੀ ਚੰਡੀਗੜ੍ਹ 27.01.2011

**ਵਿਸ਼ਾ:- ਵੱਖ-ਵੱਖ ਜਮਾਤਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਦਾਖਲੇ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਬੱਚਿਆਂ ਦੇ ਦਾਖਲੇ ਸਬੰਧੀ ਪੂਰੇ ਜ਼ੋਰ-ਸ਼ੋਰ ਨਾਲ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧ ਵਿੱਚ ਹਰੇਕ ਜ਼ਿਲ੍ਹੇ ਅੰਦਰ ਮਸ਼ਾਲ ਮਾਰਚ ਪ੍ਰੋਗਰਾਮ ਵੀ ਉਲੀਕਿਆਂ ਗਿਆ ਹੈ। ਅਧਿਆਪਕਾਂ ਨੂੰ ਪਿੰਡ/ਸ਼ਹਿਰ ਦੇ ਸਕੂਲੋਂ ਬਾਹਰੇ ਵਿਦਿਆਰਥੀਆਂ ਨੂੰ ਸਕੂਲਾਂ ਅੰਦਰ ਦਾਖਲ ਕਰਵਾਉਣ ਲਈ ਵੀ ਕਿਹਾ ਗਿਆ ਹੈ। ਪਰ ਵੱਖ-ਵੱਖ ਜਮਾਤਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਅਗਲੀ ਜਮਾਤ ਵਿੱਚ ਦਾਖਲੇ ਸਬੰਧੀ ਕਈ ਵਾਰੀ ਇਸ ਤੇ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਜਿਸ ਕਰਕੇ ਵਿਦਿਆਰਥੀ ਦਾ ਦਾਖਲਾ ਘੱਟ ਜਾਂਦਾ ਹੈ। ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਣਾ ਹੈ ਕਿ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਅਗਲੀ ਜਮਾਤ ਵਿੱਚ ਲਾਜ਼ਮੀ ਦਾਖਲਾ ਲੈਣ। ਇਸ ਸਬੰਧ ਵਿੱਚ ਜਿੱਥੇ ਸਬੰਧਤ ਸਕੂਲ ਮੁਖੀ ਦੀ ਜ਼ਿੰਮੇਵਾਰੀ ਬਣਦੀ ਹੈ ਉੱਥੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਨੂੰ ਆਪਣਾ ਅਤਿ ਮਹੱਤਵਪੂਰਨ ਕਾਰਜ ਸਮਝਦਿਆਂ ਵਿਦਿਆਰਥੀਆਂ ਦੇ ਅਗਲੀ ਜਮਾਤ ਵਿੱਚ ਦਾਖਲੇ ਤੇ ਆਪਣਾ ਪੂਰਾ ਧਿਆਨ ਕੇਂਦਰਿਤ ਕਰਨ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ ਸਕੂਲ ਮੁਖੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪੰਜਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਦਾਖਲੇ ਛੇਵੀਂ ਜਮਾਤ ਵਿੱਚ ਹੋ ਗਏ ਹਨ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)ਅਤੇ ਮਿਡਲ/ਹਾਈ ਦੇ ਸਕੂਲ ਮੁਖੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਛੇਵੀਂ ਜਮਾਤ ਵਿੱਚ ਦਾਖਲ ਕੀਤੇ ਗਏ ਵਿਦਿਆਰਥੀ ਹਰ ਰੋਜ਼ ਸਕੂਲ ਆ ਰਹੇ ਹਨ। ਇਸੇ ਤਰ੍ਹਾਂ ਅੱਠਵੀਂ ਜਮਾਤ ਵਿੱਚ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਦਾ ਦਾਖਲਾ ਆਰਜ਼ੀ ਤੌਰ 'ਤੇ ਨੌਵੀਂ ਜਮਾਤ ਵਿੱਚ ਅਤੇ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਗਿਆਰ੍ਹਵੀਂ ਜਮਾਤ ਵਿੱਚ

ਦਾਖਲ ਹੋਣੇ ਜ਼ਰੂਰੀ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ ਅਤੇ ਸੈ.ਸਿ) ਵਿਦਿਆਰਥੀਆਂ ਦੇ ਦਾਖਲੇ ਸਬੰਧੀ ਬਕਾਇਦਾ ਲਗਾਤਾਰ ਮੁਨੀਟਰਿੰਗ ਕਰਨਗੇ ਅਤੇ ਵਿਦਿਆਰਥੀਆਂ ਦਾ ਦਾਖਲਾ ਅਗਲੀ ਜਮਾਤ ਵਿੱਚ ਹੋਣ ਸਬੰਧੀ ਯਕੀਨੀ ਬਣਾਉਣਗੇ।

4.0 ਇਸ ਗੱਲ ਤੇ ਵੀ ਇਸ ਵਾਰ ਵਿਸ਼ੇਸ਼ ਜ਼ੋਰ ਦਿੱਤਾ ਜਾਵੇ ਕਿ ਕੁੜੀਆਂ ਦੇ ਦਾਖਲੇ ਸੰਬਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਨੂੰ ਮੁਹਿੰਮ ਰੂਪ ਵਿੱਚ ਲੈਂਦਿਆਂ ਇਸ ਦੀ ਵੀ ਲਗਾਤਾਰ ਮੁਨੀਟਰਿੰਗ ਕਰਨਗੇ।

5.0 ਬੱਚਿਆਂ ਦੇ ਦਾਖਲੇ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ,ਬੀ.ਪੀ.ਈ.ਓ., ਸਕੂਲ ਮੁਖੀ ਮੁਹਿੰਮ ਰੂਪ ਵਿੱਚ ਬੱਚਿਆਂ ਦੇ ਮਾਪਿਆਂ ਨਾਲ ਵੀ ਮੀਟਿੰਗਾਂ ਕਰਕੇ ਬੱਚਿਆਂ ਨੂੰ ਸਕੂਲਾਂ ਅੰਦਰ ਦਾਖਲ ਕਰਵਾਉਣ ਸਬੰਧੀ ਪ੍ਰੇਰਿਤ ਕਰਨ।

6.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ ਅਤੇ ਐ.ਸਿ) ਨੂੰ ਮਸ਼ਾਲ ਮਾਰਚ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਨੂੰ ਪਿੰਡ-ਪਿੰਡ ਪੱਧਰ ਤੱਕ ਲੈ ਕੇ ਜਾਇਆ ਜਾਵੇ ਅਤੇ ਪੂਰਨ ਜ਼ਿੰਮੇਵਾਰੀ ਨਾਲ ਸਤਿਕਾਰ ਸਹਿਤ ਮਸ਼ਾਲ ਨੂੰ ਅਗਲੇ ਜ਼ਿਲ੍ਹੇ ਲਈ ਨਿਰਧਾਰਤ ਮਿਤੀ ਅਨੁਸਾਰ ਸੌਂਪਿਆ ਜਾਵੇ ਤਾਂ ਜੋ ਜ਼ਿਲ੍ਹੇ ਵਾਲੇ ਆਪਣੀ ਪੂਰਨ ਤਿਆਰੀ ਸਹਿਤ ਮਸ਼ਾਲ ਮਾਰਚ ਕਰ ਸਕਣ। ਮਸ਼ਾਲ ਮਾਰਚ ਦਾ ਮੁੱਖ ਮਕਸਦ ਲੋਕਾਂ ਅੰਦਰ ਬੱਚਿਆਂ ਦੇ ਦਾਖਲੇ ਸਬੰਧੀ ਮਾਪਿਆਂ ਨੂੰ ਚੇਤੰਨ ਕਰਨਾ ਹੈ। ਤਾਂ ਜੋ ਸਰਕਾਰੀ ਸਕੂਲਾਂ ਅੰਦਰ ਬੱਚਿਆਂ ਦਾ ਦਾਖਲਾ ਵੱਧ ਸਕੇ।

7.0 ਮਸ਼ਾਲ ਮਾਰਚ ਦਾ ਪ੍ਰੋਗਰਾਮ ਇਸ ਪ੍ਰਕਾਰ ਹੋਵੇਗਾ:-

| ਲੜੀ ਨੰ. | ਮਿਤੀ | ਜ਼ਿਲ੍ਹਾ | ਵਿਸ਼ੇਸ਼ ਕਥਨ |
|---|---|---|---|
| 1. | 7 ਫਰਵਰੀ | ਕਪੂਰਥਲਾ | 7 ਫਰਵਰੀ ਨੂੰ ਸਵੇਰੇ 10 ਵਜੇ ਕਪੂਰਥਲਾ ਵਿਖੇ ਮਸ਼ਾਲ ਮਾਰਚ ਸ਼ੁਰੂ ਹੋਵੇਗਾ |
| 2. | 9 ਫਰਵਰੀ | ਤਰਨਤਾਰਨ | |
| 3. | 10 ਫਰਵਰੀ | ਅੰਮ੍ਰਿਤਸਰ | |
| 4. | 11 ਫਰਵਰੀ ਤੋਂ 13 ਫਰਵਰੀ ਤੱਕ | ਗੁਰਦਾਸਪੁਰ | |
| 5. | 14 ਫਰਵਰੀ | ਹੁਸ਼ਿਆਰਪੁਰ | |
| 6. | 15 ਫਰਵਰੀ | ਨਵਾਂਸ਼ਹਿਰ | |
| 7. | 16 ਫਰਵਰੀ | ਜਲੰਧਰ | |
| 8. | 17 ਫਰਵਰੀ | ਮੋਗਾ | |
| 9. | 19 ਤੋਂ 20 ਫਰਵਰੀ | ਲੁਧਿਆਣਾ | |
| 10. | 21 ਫਰਵਰੀ | ਬਰਨਾਲਾ | |
| 11. | 22 ਫਰਵਰੀ | ਫਰੀਦਕੋਟ | |

| | | | |
|---|---|---|---|
| 12. | 23 ਫਰਵਰੀ | ਫਿਰੋਜ਼ਪੁਰ | |
| 13. | 24 ਫਰਵਰੀ | ਮੁਕਤਸਰ | |
| 14. | 25 ਫਰਵਰੀ | ਬਠਿੰਡਾ | |
| 15. | 26 ਫਰਵਰੀ | ਮਾਨਸਾ | |
| 16. | 28 ਫਰਵਰੀ | ਸੰਗਰੂਰ | |
| 17. | 1 ਮਾਰਚ | ਪਟਿਆਲਾ | |
| 18. | 3 ਮਾਰਚ | ਮੁਹਾਲੀ | |
| 19. | 4 ਮਾਰਚ | ਰੋਪੜ | |
| 20. | 5 ਮਾਰਚ | ਫਤਿਹਗੜ੍ਹ ਸਾਹਿਬ | 5 ਮਾਰਚ ਨੂੰ ਫਤਿਹਗੜ੍ਹ ਸਾਹਿਬ ਨੂੰ ਮਸ਼ਾਲ ਮਾਰਚ ਦਾ ਸਮਾਪਨ |

8.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 6801 ਮਿਤੀ 27.01.2011

ਉਤਾਰਾ(1) ਸਮੂਹ ਸਰਕਲ ਸਿੱਖਿਆ ਅਫ਼ਸਰ, ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(3) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
(4) ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ।
(5) ਸਮੂਹ ਜ਼ਿਲ੍ਹਾ ਕੋਆਡਰੀਨੇਟਰ, ਮੈਥ ।
(6) ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਇੰਗਲਿਸ਼।
(7) ਡੀ.ਐਮ (ਐਮ.ਆਈ.ਐਸ) ਵੈੱਬਸਾਇਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**